# ਨਿਊਜ਼ ਰਿਲੀਜ਼

ਤੁਰੰਤ ਜਾਰੀ ਕਰਨ ਲਈ
26 ਅਪ੍ਰੈਲ, 2024

ਪ੍ਰੀਮੀਅਰ ਦਾ ਦਫ਼ਤਰ
ਸੌਲਿਸਿਟਰ ਜਨਰਲ ਅਤੇ ਜਨਤਕ ਸੁਰੱਖਿਆ ਮੰਤਰਾਲਾ
ਸਿਹਤ ਮੰਤਰਾਲਾ
ਮਾਨਸਿਕ ਸਿਹਤ ਅਤੇ ਨਸ਼ਾਖੋਰੀ ਮੰਤਰਾਲਾ

## ਬੀ.ਸੀ. ਲੋਕਾਂ ਨੂੰ ਸੁਰੱਖਿਅਤ ਰੱਖਣ ਲਈ ਜਨਤਕ ਥਾਵਾਂ ‘ਤੇ ਨਸ਼ੀਲੇ ਪਦਾਰਥਾਂ ਦੀ ਵਰਤੋਂ ‘ਤੇ ਪਾਬੰਦੀ ਲਗਾ ਰਿਹਾ ਹੈ

ਵੈਨਕੂਵਰ – ਬੀ.ਸੀ. ਵੱਲੋਂ ਹਸਪਤਾਲਾਂ ਦੇ ਅੰਦਰ, ਟ੍ਰਾਂਜ਼ਿਟ ਅਤੇ ਪਾਰਕਾਂ ਸਮੇਤ ਸਾਰੀਆਂ ਜਨਤਕ ਥਾਵਾਂ 'ਤੇ ਗੈਰ-ਕਨੂੰਨੀ ਨਸ਼ੀਲੇ ਪਦਾਰਥਾਂ ਦੀ ਵਰਤੋਂ ਨੂੰ ਗੈਰ-ਕਨੂੰਨੀ ਬਣਾਉਣ ਲਈ ਕਾਰਵਾਈ ਕੀਤੀ ਜਾ ਰਹੀ ਹੈ। ਇਹ ਸੂਬੇ ਦੁਆਰਾ ਪੇਸ਼ ਕੀਤੇ ਗਏ ਕਈ ਨਵੇਂ ਉਪਾਵਾਂ ਦਾ ਹਿੱਸਾ ਹੈ, ਜੋ ਨਸ਼ਾ ਗ੍ਰਸਤ ਲੋਕਾਂ ਲਈ ਸਹਾਇਤਾ ਅਤੇ ਇਲਾਜ ਤੱਕ ਪਹੁੰਚ ਦੀ ਪੇਸ਼ਕਸ਼ ਕਰਦੇ ਹੋਏ ਜਨਤਕ ਸੁਰੱਖਿਆ ਨੂੰ ਹੱਲ ਕਰਨ ਲਈ ਪੁਲਿਸ ਨੂੰ ਵਧੇਰੇ ਸਾਧਨ ਪ੍ਰਦਾਨ ਕਰਨ 'ਤੇ ਕੇਂਦਰਿਤ ਹਨ।

“ਲੋਕਾਂ ਨੂੰ ਸੁਰੱਖਿਅਤ ਰੱਖਣਾ ਸਾਡੀ ਸਭ ਤੋਂ ਵੱਡੀ ਤਰਜੀਹ ਹੈ। ਜਦੋਂ ਕਿ ਅਸੀਂ ਨਸ਼ੇ ਦੀ ਲਤ ਨਾਲ ਜੂਝ ਰਹੇ ਲੋਕਾਂ ਲਈ ਹਮਦਰਦੀ ਅਤੇ ਰਹਿਮਦਿਲੀ ਰੱਖਦੇ ਹਾਂ, ਅਸੀਂ ਸੜਕਾਂ 'ਤੇ ਅਜਿਹੀ ਅਫਰਾ-ਦਫ਼ਰੀ ਜਿਸ ਨਾਲ ਭਾਈਚਾਰੇ ਅਸੁਰੱਖਿਅਤ ਮਹਿਸੂਸ ਕਰਨ, ਸਵੀਕਾਰ ਨਹੀਂ ਕਰਦੇ,” ਪ੍ਰੀਮੀਅਰ ਡੇਵਿਡ ਈਬੀ ਨੇ ਕਿਹਾ। "ਜਦ ਅਸੀਂ ਇਲਾਜ ਦੇ ਵਿਕਲਪਾਂ ਦਾ ਵਿਸਤਾਰ ਕਰ ਰਹੇ ਹਾਂ ਤਾਂ ਜੋ ਲੋਕ ਜ਼ਿੰਦਾ ਰਹਿ ਸਕਣ ਅਤੇ ਬਿਹਤਰ ਹੋ ਸਕਣ, ਅਸੀਂ ਇਹ ਯਕੀਨੀ ਬਣਾਉਣ ਲਈ ਕਾਰਵਾਈ ਕਰ ਰਹੇ ਹਾਂ ਕਿ ਪੁਲਿਸ ਕੋਲ ਹਰ ਕਿਸੇ ਲਈ ਸੁਰੱਖਿਅਤ ਅਤੇ ਆਰਾਮਦਾਇਕ ਭਾਈਚਾਰਿਆਂ ਨੂੰ ਯਕੀਨੀ ਬਣਾਉਣ ਲਈ ਲੋੜੀਂਦੇ ਸਾਧਨ ਹਨ।”

ਸੂਬਾ ਬੀ.ਸੀ. ਵਿੱਚ ਨਸ਼ੀਲੇ ਪਦਾਰਥ ਰੱਖਣ ਦੀ ਕਨੂੰਨੀਤਾ ਵਿੱਚ ਤਬਦੀਲੀਆਂ ਕਰਨ ਲਈ ਫੈਡਰਲ ਸਰਕਾਰ ਨਾਲ ਕੰਮ ਕਰ ਰਿਹਾ ਹੈ। ਇਹ ਪੁਲਿਸ ਨੂੰ ਹਸਪਤਾਲਾਂ, ਰੈਸਟੋਰੈਂਟਾਂ, ਟ੍ਰਾਂਜ਼ਿਟ, ਪਾਰਕਾਂ ਅਤੇ ਸਮੁੰਦਰੀ ਤੱਟਾਂ ਸਮੇਤ ਸਾਰੀਆਂ ਜਨਤਕ ਥਾਵਾਂ 'ਤੇ ਨਸ਼ਿਆਂ ਦੀ ਵਰਤੋਂ ਵਿਰੁੱਧ ਕਨੂੰਨ ਲਾਗੂ ਕਰਨ ਦੀ ਸ਼ਕਤੀ ਪ੍ਰਦਾਨ ਕਰੇਗਾ। ਸਿਰਫ ਅਸਾਧਾਰਣ ਪਰਿਸਥਿਤੀਆਂ ਵਿੱਚ ਗੈਰ-ਕਨੂੰਨੀ ਨਸ਼ੀਲੇ ਪਦਾਰਥਾਂ ਨੂੰ ਸਾਧਾਰਨ ਤੌਰ ‘ਤੇ ਨਿੱਜੀ ਵਰਤੋਂ ਵਾਸਤੇ ਰੱਖਣ ਲਈ ਪੁਲਿਸ ਨੂੰ ਗਿਰਫਤਾਰ ਕਰਨ ਲਈ ਮਾਰਗ ਦਰਸ਼ਨ ਦਿੱਤਾ ਜਾਵੇਗਾ।

ਜਦੋਂ ਪੁਲਿਸ ਨੂੰ ਕਿਸੇ ਅਜਿਹੀ ਥਾਂ 'ਤੇ ਬੁਲਾਇਆ ਜਾਂਦਾ ਹੈ ਜਿੱਥੇ ਗੈਰ-ਕਨੂੰਨੀ ਅਤੇ ਖਤਰਨਾਕ ਨਸ਼ੀਲੇ ਪਦਾਰਥਾਂ ਦੀ ਵਰਤੋਂ ਹੋ ਰਹੀ ਹੈ, ਤਾਂ ਉਹ ਕਿਸੇ ਵਿਅਕਤੀ ਨੂੰ ਇਲਾਕਾ ਛੱਡਣ, ਲੋੜ ਪੈਣ 'ਤੇ ਨਸ਼ੀਲੇ ਪਦਾਰਥਾਂ ਨੂੰ ਜ਼ਬਤ ਕਰਨ ਜਾਂ ਲੋੜ ਪੈਣ 'ਤੇ ਵਿਅਕਤੀ ਨੂੰ ਗਿਰਫਤਾਰ ਕਰਨ ਲਈ ਦਬਾਅ ਪਾਉਣ ਦੀ ਸਮਰੱਥਾ ਰੱਖਦੇ ਹਨ।

ਇਹ ਤਬਦੀਲੀ ਕਿਸੇ ਨਿੱਜੀ ਰਿਹਾਇਸ਼ ਜਾਂ ਥਾਂ 'ਤੇ ਜਿੱਥੇ ਕੋਈ ਵਿਅਕਤੀ ਕਨੂੰਨੀ ਤੌਰ 'ਤੇ ਪਨਾਹ ਲੈ ਰਿਹਾ ਹੈ, ਜਾਂ ਓਵਰਡੋਜ਼ ਰੋਕਥਾਮ ਵਾਲੀਆਂ ਥਾਵਾਂ ਅਤੇ ਨਸ਼ੀਲੇ ਪਦਾਰਥਾਂ ਦੀ ਜਾਂਚ ਕਰਨ ਵਾਲੀਆਂ ਥਾਵਾਂ 'ਤੇ ਨਸ਼ੀਲੇ ਪਦਾਰਥਾਂ ਨੂੰ ਨਿੱਜੀ ਵਰਤੋਂ ਲਈ ਰੱਖਣ ਨੂੰ ਦੁਬਾਰਾ ਅਪਰਾਧਕ ਨਹੀਂ ਬਣਾਏਗੀ।

"ਸਾਡੇ ਭਾਈਚਾਰੇ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਹਨ। ਲੋਕ ਘਾਤਕ ਸਟ੍ਰੀਟ ਡਰੱਗਜ਼ (ਸੜਕਾਂ 'ਤੇ ਤਸਕਰੀ ਰਾਹੀਂ ਉਪਲਬਧ ਨਸ਼ੀਲੇ ਪਦਾਰਥ ਜਿਨ੍ਹਾਂ ਵਿੱਚ ਮਿਲਾਵਟ ਹੋ ਸਕਦੀ ਹੈ ਜਾਂ ਜ਼ਹਿਰੀਲੇ ਹੋ ਸਕਦੇ ਹਨ) ਨਾਲ ਮਰ ਰਹੇ ਹਨ ਅਤੇ ਅਸੀਂ ਆਪਣੀਆਂ ਸੜਕਾਂ 'ਤੇ ਜਨਤਕ ਵਰਤੋਂ ਅਤੇ ਅਫਰਾ-ਤਫਰੀ ਦੇ ਮੁੱਦਿਆਂ ਨੂੰ ਦੇਖ ਰਹੇ ਹਾਂ,” ਸੌਲਿਸਿਟਰ ਜਨਰਲ ਅਤੇ ਜਨਤਕ ਸੁਰੱਖਿਆ ਮੰਤਰੀ, ਮਾਈਕ ਫਾਰਨਵਰਥ ਨੇ ਕਿਹਾ। "ਜਦ ਅਸੀਂ ਜ਼ਹਿਰੀਲੇ ਨਸ਼ਿਆਂ ਨੂੰ ਬਣਾਉਣ ਅਤੇ ਤਸਕਰੀ ਕਰਨ ਵਾਲੇ ਗੈਂਗਾਂ ਅਤੇ ਸੰਗਠਿਤ ਅਪਰਾਧੀਆਂ ਦਾ ਪਿੱਛਾ ਕਰਨਾ ਜਾਰੀ ਰੱਖ ਰਹੇ ਹਾਂ, ਅਸੀਂ ਹੁਣ ਜਨਤਕ ਥਾਵਾਂ 'ਤੇ ਨਸ਼ਿਆਂ ਦੀ ਵਰਤੋਂ ਨੂੰ ਗੈਰ ਕਨੂੰਨੀ ਬਣਾਉਣ ਅਤੇ ਉਨ੍ਹਾਂ ਲੋਕਾਂ ਦੀ ਮਦਦ ਕਰਨ ਲਈ ਇਲਾਜ ਤੱਕ ਪਹੁੰਚ ਵਧਾਉਣ ਲਈ ਕਾਰਵਾਈ ਕਰ ਰਹੇ ਹਾਂ ਜਿਨ੍ਹਾਂ ਨੂੰ ਇਸਦੀ ਸਭ ਤੋਂ ਵੱਧ ਜ਼ਰੂਰਤ ਹੈ।”

ਸਰਕਾਰ ਹਸਪਤਾਲਾਂ ਵਿੱਚ ਮਰੀਜ਼ਾਂ, ਘੁੰਮਣ-ਫਿਰਨ ਆਏ ਲੋਕਾਂ ਅਤੇ ਹੈਲਥ ਕੇਅਰ ਵਰਕਰਾਂ ਦੀ ਸੁਰੱਖਿਆ ਵਿੱਚ ਵੀ ਸੁਧਾਰ ਕਰੇਗੀ। ਇਸ ਵਿੱਚ ਸਟ੍ਰੀਟ ਡਰੱਗ ਰੱਖਣ ਜਾਂ ਵਰਤੋਂ ਦੀ ਪਾਬੰਦੀ ਲਈ ਇੱਕ ਇਕੱਲੀ ਨੀਤੀ ਅਤੇ ਲਾਗੂਕਰਨ ਨੂੰ ਵਧਾਉਣ, ਨਸ਼ੇ ਦੀ ਲਤ ਨਾਲ ਜੂਝ ਰਹੇ ਮਰੀਜ਼ਾਂ ਦੀ ਸਹਾਇਤਾ ਕਰਨ ਅਤੇ ਉਨ੍ਹਾਂ ਨੂੰ ਇਲਾਜ ਅਤੇ ਰਿਕਵਰੀ ਵੱਲ ਉਤਸ਼ਾਹਿਤ ਕਰਨ ਲਈ ਵਧੇਰੇ ਉਪਾਅ ਸ਼ਾਮਲ ਹਨ।

ਅੱਗੇ ਜਾ ਕੇ, ਜਦੋਂ ਮਰੀਜ਼ਾਂ ਨੂੰ ਹਸਪਤਾਲ ਵਿੱਚ ਦਾਖਲ ਕੀਤਾ ਜਾਂਦਾ ਹੈ, ਤਾਂ ਉਨ੍ਹਾਂ ਨੂੰ ਪੁੱਛਿਆ ਜਾਵੇਗਾ ਕਿ ਕੀ ਉਹ ਕਿਸੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਨਾਲ ਸੰਬੰਧਿਤ ਚੁਣੌਤੀਆਂ ਦਾ ਅਨੁਭਵ ਕਰਦੇ ਹਨ। ਮਰੀਜ਼ਾਂ ਨੂੰ ਨਸ਼ੇ ਦੀ ਸੰਭਾਲ ਲਈ ਜ਼ਰੂਰੀ ਸਹਾਇਤਾ ਅਤੇ ਡਾਕਟਰੀ ਨਿਗਰਾਨੀ ਪ੍ਰਾਪਤ ਹੋਵੇਗੀ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਨਸ਼ੇ ਦੀ ਲਤ ਵਾਲੇ ਲੋਕਾਂ ਨੂੰ ਉਦੋਂ ਵਿਅਕਤੀਗਤ ਸੰਭਾਲ ਪ੍ਰਾਪਤ ਹੋਵੇ ਜਦੋਂ ਉਨ੍ਹਾਂ ਦੇ ਡਾਕਟਰੀ ਮਸਲਿਆਂ ਦਾ ਹਸਪਤਾਲ ਵਿੱਚ ਇਲਾਜ ਕੀਤਾ ਜਾ ਰਿਹਾ ਹੋਵੇ।

"ਅੱਜ ਅਸੀਂ ਹਸਪਤਾਲਾਂ ਨੂੰ ਸੁਰੱਖਿਅਤ ਬਣਾਉਣ ਲਈ ਤੁਰੰਤ ਕਾਰਵਾਈ ਕਰ ਰਹੇ ਹਾਂ ਅਤੇ ਇਹ ਯਕੀਨੀ ਬਣਾ ਰਹੇ ਹਾਂ ਕਿ ਵਧੇਰੇ ਸੁਰੱਖਿਆ, ਜਨਤਕ ਸੰਚਾਰ, ਅਤੇ ਸਟਾਫ਼ ਦੀ ਸਹਾਇਤਾ ਦੁਆਰਾ ਨੀਤੀਆਂ ਨੂੰ ਇਕਸਾਰ ਕੀਤਾ ਜਾਵੇ ਅਤੇ ਸਖਤੀ ਨਾਲ ਲਾਗੂ ਕੀਤਾ ਜਾਵੇ," ਸਿਹਤ ਮੰਤਰੀ, ਏਡਰੀਅਨ ਡਿਕਸ ਨੇ ਕਿਹਾ। "ਹੋਰਾਂ ਨੂੰ ਗੈਰ-ਕਨੂੰਨੀ ਨਸ਼ੀਲੇ ਪਦਾਰਥਾਂ ਦੀ ਵਰਤੋਂ ਦੇ ਅਸਿੱਧੇ ਪ੍ਰਭਾਵਾਂ ਦਾ ਸਾਹਮਣਾ ਕਰਨ ਤੋਂ ਰੋਕਦੇ ਹੋਏ, ਅੱਜ ਸ਼ੁਰੂ ਕੀਤੀ ਗਈ ਕਾਰਵਾਈ ਯੋਜਨਾ ਵਿੱਚ ਇਹ ਸੁਧਾਰ ਸ਼ਾਮਲ ਹੋਵੇਗਾ ਕਿ ਹਸਪਤਾਲ ਦੀ ਸੰਭਾਲ ਦੀ ਲੋੜ ਵਾਲੇ ਨਸ਼ਾਖੋਰੀ ਦੇ ਮਰੀਜ਼ਾਂ ਦੀ ਕਿਵੇਂ ਸਹਾਇਤਾ ਕੀਤੀ ਜਾ ਸਕਦੀ ਹੈ।"

ਸੂਬਾ ਨਸ਼ਾਖੋਰੀ ਨਾਲ ਨਜਿੱਠ ਰਹੇ ਲੋਕਾਂ ਲਈ ਇਲਾਜ ਤੱਕ ਪਹੁੰਚ ਦਾ ਵੀ ਵਿਸਤਾਰ ਕਰ ਰਿਹਾ ਹੈ, ਜਿਸ ਵਿੱਚ ਉਹ ਲੋਕ ਵੀ ਸ਼ਾਮਲ ਹਨ ਜੋ ਇਹਨਾਂ ਦੁਆਰਾ ਓਵਰਡੋਜ਼ ਦੇ ਸਭ ਤੋਂ ਵੱਧ ਜੋਖਮ ਵਿੱਚ ਹਨ:

- ਇੱਕ ਸੂਬਾ-ਵਿਆਪੀ ਵਰਚੁਅਲ ਸਿਸਟਮ ਨੂੰ ਲਾਗੂ ਕਰਕੇ, ਓਪੀਔਇਡ ਐਗੋਨਿਸਟ ਟ੍ਰੀਟਮੈਂਟ (OAT) ਦੀ ਉਪਲਬਧਤਾ ਅਤੇ ਪਹੁੰਚਯੋਗਤਾ ਨੂੰ ਵਧਾਉਣਾ, ਜੋ ਕਿ ਓਪੀਔਇਡ ਦੀ ਵਰਤੋਂ ਸੰਬੰਧੀ ਵਿਗਾੜ ਵਾਲੇ ਲੋਕਾਂ ਲਈ ਇੱਕ ਦਵਾਈ-ਸਹਾਇਤਾ ਵਾਲਾ ਇਲਾਜ ਹੈ;
- ਸਿਹਤ ਸੰਭਾਲ, ਰਿਹਾਇਸ਼ ਅਤੇ ਸੰਬੰਧਤ ਸੇਵਾਵਾਂ ਨਾਲ ਨਸ਼ਾ ਮੁਕਤੀ ਸੇਵਾਵਾਂ ਨੂੰ ਜੋੜਨਾ; ਅਤੇ,
- 'ਡਾਇਵਰਯਨ' (ਜਦੋਂ ਦਵਾਈਆਂ ਉਹਨਾਂ ਦੀ ਉਦੇਸ਼ਿਤ ਵਰਤੋਂ ਦੀ ਬਜਾਏ ਨਿੱਜੀ ਵਰਤੋਂ ਜਾਂ ਤਸਕਰੀ ਲਈ ਵਰਤੀਆਂ ਜਾਂਦੀਆਂ ਹਨ) ਦੀ ਪਛਾਣ ਕਰਨ ਅਤੇ ਉਸਦੀ ਰੋਕਥਾਮ ਦੇ ਉਦੇਸ਼ ਨਾਲ ਪ੍ਰਿਸਕ੍ਰਾਈਬ ਕੀਤੇ ਵਿਕਲਪਾਂ ਨੂੰ ਟਰੈਕ ਕਰਨ ਜਾਂ ਉਹਨਾਂ ਦੀ ਨਿਗਰਾਨੀ ਲਈ ਤਰੀਕੇ ਵਿਕਸਤ ਕਰਨ ਲਈ ਮਾਹਰਾਂ ਨਾਲ ਕੰਮ ਕਰਨਾ।

"ਦੇਸ਼ ਭਰ ਵਿੱਚ ਲੋਕ ਜ਼ਹਿਰੀਲੇ ਨਸ਼ੀਲੇ ਪਦਾਰਥਾਂ ਨਾਲ ਮਰ ਰਹੇ ਹਨ ਅਤੇ ਬੀ.ਸੀ. ਵਿੱਚ ਵੀ ਇਹੀ ਹੋ ਰਿਹਾ ਹੈ," ਮਾਨਸਿਕ ਸਿਹਤ ਅਤੇ ਨਸ਼ਾਖੋਰੀ ਮੰਤਰੀ, ਜੈਨੀਫਰ ਵ੍ਹਾਈਟਸਾਈਡ ਨੇ ਕਿਹਾ। "ਨਸ਼ੇ ਦੀ ਲਤ ਇੱਕ ਸਿਹਤ ਸੰਭਾਲ ਦਾ ਮੁੱਦਾ ਹੈ ਨਾ ਕਿ ਅਪਰਾਧਿਕ ਮਸਲਾ ਅਤੇ ਅਸੀਂ ਜਾਨਾਂ ਬਚਾਉਣ ਅਤੇ ਲੋਕਾਂ ਨੂੰ ਇਲਾਜ ਨਾਲ ਜੋੜਨ ਲਈ ਹਰ ਸੰਭਵ ਕੋਸ਼ਿਸ਼ ਕਰਦੇ ਰਹਾਂਗੇ।"

ਸਰਕਾਰ ਵੈਨਕੂਵਰ ਦੇ ਡਾਊਨਟਾਊਨ ਈਸਟਸਾਈਡ ਇਲਾਕੇ ਵਿੱਚ ਸਥਿਤ 'ਹੋਪ ਟੂ ਹੈਲਥ ਰਿਸਰਚ ਐਂਡ ਇਨੋਵੇਸ਼ਨ ਸੈਂਟਰ' ਨੂੰ ਸਹਿਯੋਗ ਦੇਣ ਅਤੇ ਉਸਦਾ ਵਿਸਤਾਰ ਕਰਨ ਲਈ $25 ਮਿਲੀਅਨ ਦਾ ਨਿਵੇਸ਼ ਕਰ ਰਹੀ ਹੈ, ਤਾਂ ਜੋ ਬਹੁਤ ਜ਼ਿਆਦਾ ਗੁੰਝਲਦਾਰ ਮੈਡੀਕਲ ਅਤੇ ਸਾਇਕਲੌਜਿਕਲ (ਮਨੋਵਿਗਿਆਨਿਕ) ਲੋੜਾਂ ਵਾਲੇ ਵਧੇਰੇ ਲੋਕਾਂ ਨੂੰ ਇੰਟੈਂਸਿਵ ਪ੍ਰਾਈਮਰੀ ਕੇਅਰ ਅਤੇ ਹੋਰ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਸਕਣ। ਨਵੀਨਤਾਕਾਰੀ 'ਹੋਪ ਟੂ ਹੈਲਥ' ਮਾਡਲ ਡਾ. ਹੂਲੀਓ ਮੌਨਟੈਨਰ ਦੀ ਅਗਵਾਈ ਹੇਠ ਹੈ, ਜੋ ਕਿ HIV ਵਿੱਚ ਅਤੇ ਕਮਜ਼ੋਰ ਅਤੇ ਉਹ ਲੋਕ ਜਿਨ੍ਹਾਂ ਨੂੰ ਘੱਟ ਅਹਿਮੀਅਤ ਮਿਲਦੀ ਹੈ ਲਈ ਵਿਆਪਕ ਸੰਭਾਲ ਦੇ ਵਿਸ਼ਵ-ਮਾਨਤਾ ਪ੍ਰਾਪਤ ਡਾਕਟਰ ਅਤੇ ਖੋਜਕਾਰ ਹਨ। ਇਹ ਪਹਿਲਕਦਮੀ ਬੀ.ਸੀ. ਵਿੱਚ ਹੋਰ ਭਾਈਚਾਰਿਆਂ ਵਿੱਚ ਸੰਭਾਵੀ ਵਿਸਤਾਰ ਦੀ ਨੀਂਹ ਰੱਖੇਗੀ।

**ਫੌਰੀ ਤੱਥ:**

- *'ਕੰਟਰੋਲਡ ਡਰੱਗਜ਼ ਐਂਡ ਸਬਸਟੈਂਸਿਸ ਐਕਟ'* ਦੇ ਸੈਕਸ਼ਨ 56(1) ਦੇ ਤਹਿਤ ਬੀ.ਸੀ. ਦੁਆਰਾ ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਨ ਵਾਲੇ ਲੋਕਾਂ ਨੂੰ ਡੀਕ੍ਰਿਮੀਨਲਾਈਜ਼ (ਗੈਰ-ਕਨੂੰਨੀ ਨਸ਼ੀਲੇ ਪਦਾਰਥਾਂ ਨੂੰ ਨਿੱਜੀ ਵਰਤੋਂ ਲਈ ਆਪਣੇ ਕੋਲ ਰੱਖਣ ਨੂੰ ਅਪਰਾਧ ਦੇ ਦਾਇਰੇ 'ਚੋਂ ਬਾਹਰ ਕਰਨ ਦੀ ਛੋਟ) ਕਰਨ ਲਈ ਤਿੰਨ ਸਾਲਾਂ ਦੀ ਛੋਟ ਦੀ 1 ਨਵੰਬਰ, 2021 ਨੂੰ ਅਰਜ਼ੀ ਦਿੱਤੀ ਗਈ ਸੀ ਅਤੇ 31 ਜਨਵਰੀ, 2023 ਨੂੰ ਇਸ ਨੂੰ ਲਾਗੂ ਕੀਤਾ ਗਿਆ ਸੀ।
- 2017 ਤੋਂ ਲੈ ਕੇ ਹੁਣ ਤੱਕ, ਸੂਬੇ ਨੇ ਬੀ.ਸੀ. ਭਰ ਵਿੱਚ ਨਸ਼ੀਲੇ ਪਦਾਰਥਾਂ ਦੀ ਵਰਤੋਂ ਵਾਲੇ ਲੋਕਾਂ ਦੇ ਇਲਾਜ ਲਈ ਜਨਤਕ ਤੌਰ 'ਤੇ ਫੰਡ ਕੀਤੇ 600 ਬੈਡ ਉਪਲਬਧ ਕਰਵਾਏ ਹਨ।
- 2019 ਤੋਂ ਲੈ ਕੇ ਹੁਣ ਤੱਕ, ਸੂਬੇ ਨੇ 49 ਕਮਿਊਨਿਟੀ ਕਾਊਂਸਲਿੰਗ ਏਜੰਸੀਆਂ ਨੂੰ ਸੂਬੇ ਭਰ ਵਿੱਚ ਸਹਿਯੋਗ ਦੇਣ ਲਈ $35 ਮਿਲੀਅਨ ਦਾ ਨਿਵੇਸ਼ ਕੀਤਾ ਹੈ ਅਤੇ ਵਿਅਕਤੀਆਂ, ਜੋੜਿਆਂ ਅਤੇ ਪਰਿਵਾਰਾਂ ਨੂੰ 250,000 ਤੋਂ ਵੱਧ ਮੁਫ਼ਤ ਜਾਂ ਘੱਟ ਲਾਗਤ ਵਾਲੇ ਕਾਊਂਸਲਿੰਗ ਸੈਸ਼ਨ ਦਿੱਤੇ ਗਏ ਹਨ।
- ਵਰਤਮਾਨ ਵਿੱਚ ਸੂਬੇ ਭਰ ਵਿੱਚ 50 ਓਵਰਡੋਜ਼ ਰੋਕਥਾਮ ਸਾਈਟਾਂ ਹਨ ਜੋ ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਨ ਵਾਲੇ ਲੋਕਾਂ ਨੂੰ ਉਹਨਾਂ ਦੀ ਸੁਰੱਖਿਅਤ ਢੰਗ ਨਾਲ ਵਰਤੋਂ ਅਤੇ ਲੋੜੀਂਦੀ ਸੰਭਾਲ ਨਾਲ ਜੁੜਨ ਲਈ ਸਾਧਨ ਅਤੇ ਸਹਾਇਤਾ ਪ੍ਰਦਾਨ ਕਰਦੇ ਹਨ। ਇਹਨਾਂ ਵਿੱਚੋਂ ਲਗਭਗ ਅੱਧੀਆਂ ਸਾਈਟਾਂ (24) 'ਇਨਹੇਲੇਸ਼ਨ ਸੇਵਾਵਾਂ' ਪ੍ਰਦਾਨ ਕਰਦੀਆਂ ਹਨ।

**ਸੰਪਰਕ:**

ਜਿੱਮੀ ਸਮਿੱਥ
ਡਿਪਟੀ ਕਮਿਊਨੀਕੇਸ਼ਨਜ਼ ਡਾਇਰੈਕਟਰ
ਪ੍ਰੀਮੀਅਰ ਦਾ ਦਫ਼ਤਰ
jimmy.smith@gov.bc.ca

---

ਬੀ.ਸੀ. ਸੂਬੇ ਨਾਲ ਜੁੜੋ: news.gov.bc.ca/connect